ਆਰ.ਬੀ.ਆਈ/2006-2007/211

ਹਵਾਲਾ ਨੰ: ਡੀ.ਜੀ.ਬੀ.ਏ. ਨੰ: ਐਚ. 9741/15.15.001/2006-07

18 ਦਸੰਬਰ, 2006

19 ਅਗ੍ਰਹਾਇਣ, 1928(ਸ਼ਕ)

ਮਹਾਂਪ੍ਰਬੰਧਕ

ਸਰਕਾਰੀ ਲੇਖਾ ਵਿਭਾਗ, ਮੁੱਖ ਦਫ਼ਤਰ

ਭਾਰਤੀ ਸਟੇਟ ਬੈਂਕ/ਸਟੇਟ ਬੈਂਕ ਆਫ਼ ਇੰਦੌਰ/ਸਟੇਟ ਬੈਂਕ ਆਫ਼ ਪਟਿਆਲਾ/ ਸਟੇਟ ਬੈਂਕ ਆਫ ਬੀਕਾਨੇਰ ਅਤੇ ਜੈਪੁਰ/ਸਟੇਟ ਬੈਂਕ ਆਫ ਸੌਂਰਾਸ਼ਟਰ/ਸਟੇਟ ਬੈਂਕ ਆਫ ਤ੍ਰਿਵਣਕੋਰ/ਸਟੇਟ ਬੈਂਕ ਆਫ ਹੈਦਰਾਬਾਦ/ਸਟੇਟ ਬੈਂਕ ਆਫ ਮੈਸੂਰ/ ਇਲਾਹਾਬਾਦ ਬੈਂਕ/ਬੈਂਕ ਆਫ਼ ਬੜੌਦਾ/ਬੈਂਕ ਆਫ਼ ਇੰਡੀਆ/ਬੈਂਕ ਆਫ਼ ਮਹਾਰਾਸ਼ਟਰ/ਕੇਨਰਾ ਬੈਂਕ/ਸੈਂਟਰਲ ਬੈਂਕ ਆਫ਼ ਇੰਡੀਆ/ਕਾਰਪੋਰੇਸ਼ਨ ਬੈਂਕ/ਦੇਨਾ ਬੈਂਕ/ਇੰਡੀਅਨ ਬੈਂਕ/ਇੰਡੀਅਨ ਓਵਰਸੀਜ਼ ਬੈਂਕ/ਪੰਜਾਬ ਨੈਸ਼ਨਲ ਬੈਂਕ/ਸਿੰਡੀਕੇਟ ਬੈਂਕ/ਯੂ.ਕੋ. ਬੈਂਕ/ਯੂਨੀਅਨ ਬੈਂਕ ਆਫ਼ ਇੰਡੀਆ/ਯੂਨਾਇਟਡ ਬੈਂਕ ਆਫ਼ ਇੰਡੀਆ/ ਆਈਸੀਆਈਸੀ.ਆਈ ਬੈਂਕ ਲਿਮ./ਵਿਜਯਾ ਬੈਂਕ

ਸ਼੍ਰੀਮਾਨ ਜੀ,

ਸੀਨੀਅਰ ਨਾਗਰਿਕ ਬਚਤ ਯੋਜਨਾ, 2004- ਸਮੇਂ ਤੋਂ ਪਹਿਲਾਂ ਵਾਪਸੀ ਦੇ ਮਾਮਲੇ ਵਿਚ ਵਿਆਜ ਦਾ ਭੁਗਤਾਨ ਸਪੱਸ਼ਟੀਕਰਨ

ਸਾਨੂੰ ਸੀਨੀਅਰ ਨਾਗਰਿਕ ਬਚਤ ਯੋਜਨਾ 2004 ਦੇ ਅੰਤਰਗਤ ਸਮੇਂ ਤੋਂ ਪਹਿਲਾਂ ਵਾਪਸੀ ਦੇ ਮਾਮਲੇ ਵਿਚ ਜਮ੍ਹਾਂਕਰਤਾ ਨੂੰ ਦੇਣਯੋਗ ਵਿਆਜ ਦੀ ਖੰਡਿਤ ਮਿਆਦ ਨਾਲ ਸਬੰਧਿਤ ਕਈ ਸਵਾਲ ਪ੍ਰਾਪਤ ਹੋ ਰਹੇ ਹਨ।

ਮਾਮਲੇ ਨੂੰ ਭਾਰਤ ਸਰਕਾਰ, ਵਿੱਤ ਮੰਤਰਾਲਿਆ ਨੂੰ ਹਵਾਲਾ ਕੀਤਾ ਗਿਆ ਅਤੇ ਉਨ੍ਹਾਂ ਨੇ ਆਪਣੇ ਮਿਤੀ 11 ਮਈ, 2006 ਦੇ ਪੱਤਰ ਨੰ: ਐਫ.15/8/2005/ਐਨਐਸ.II ਰਾਹੀਂ ਸਪੱਸ਼ਟ ਕੀਤਾ ਹੈ ਕਿ ਯੋਜਨਾ ਦੇ ਨਿਯਮ 9(1)(ਏ)(ਬੀ) ਦੇ ਅੰਤਰਗਤ ਸਮੇਂ ਤੋਂ ਪਹਿਲਾਂ ਵਾਪਸੀ ਦੇ ਸਮੇਂ ਜਮ੍ਹਾਂ ਰਾਸ਼ੀ ਨਾਲ ਸਜ਼ਾਯੋਗ ਰਾਸ਼ੀ ਦੀ ਕਟੌਤੀ ਦੀ ਜਾਣੀ ਚਾਹੀਦੀ ਹੈ। ਇਸ ਲਈ ਮੂਲ ਰਾਸ਼ੀ ਤੋਂ ਸਜ਼ਾਯੋਗ ਰਾਸ਼ੀ ਦੀ ਕਟੌਤੀ ਕੀਤੀ ਜਾਣੀ ਚਾਹੀਦੀ ਹੈ। ਫਿਰ ਸਮੇਂ ਤੋਂ ਪਹਿਲਾਂ ਬੰਦੀ ਦੀ ਮਿਤੀ ਤੱਕ ਕੁਲ ਜਮ੍ਹਾਂ ਰਾਸ਼ੀ ਤੇ 9% ਦੀ ਦਰ ਨਾਲ ਵਿਆਜ ਸ਼ਾਮਲ ਕੀਤਾ ਜਾਏ ਕਿਉਂਕਿ ਕੁਲ ਜਮ੍ਹਾਂ ਰਾਸ਼ੀ ਉਸ ਮਿਤੀ ਤੱਕ ਉਪਲੱਬਧ ਹੋਵੇਗੀ।

2. ਇਸ ਅਧਿਸੂਚਨਾ ਦੀ ਵਿਸ਼ਾ-ਵਸਤੂ ਨਾਲ ਉਪਰੋਕਤ ਯੋਜਨਾ ਸੰਚਾਲਿਤ ਕਰਨ ਵਾਲੇ ਤੁਹਾਡੇ ਬੈਂਕ ਦੀਆਂ ਸਾਰੀਆਂ ਸਬੰਧਤ ਸ਼ਾਖਾਵਾਂ ਦੇ ਧਿਆਨ ਵਿਚ ਲਿਆਓ।

4. ਕਿਰਪਾ ਕਰਕੇ ਪ੍ਰਾਪਤੀ ਸੂਚਨਾ ਦਿਉ।

*ਹਿਤੂ,*

*(ਬਾਲੂ ਕੇ.),*
*ਉਪ-ਮੁੱਖ ਮਹਾਂਪ੍ਰਬੰਧਕ*